**PRESS MONITOR**

Publication : Aaj Di Awaz
Edition : Amritsar
Date : February 23, 2017

# ਐਚ.ਐਸ.ਆਈ.ਐਲ ਲਿਮਿਟਡ ਦੇ ਏਅਰ ਕੂਲਰਾਂ ਦੀ ਨਵੀਂ ਰੇਂਜ ਲਾਂਚ

ਅੰਮ੍ਰਿਤਸਰ • ਅ.ਬ

ਭਾਰਤ ਦੀ ਸੈਨੀਟਰੀਵੇਅਰ ਮਾਰਕਿਟ ਦੇ ਪ੍ਰਮੁੱਖ ਬ੍ਰਾਂਡ ਹਿੰਡਵੇਅਰ ਦੇ ਪ੍ਰੋਮੋਟਰ ਐਚ.ਐਸ.ਆਈ.ਐਲ ਲਿਮਿਟੇਡ ਨੇ ਅੱਜ ਆਪਣੇ ਬ੍ਰਾਂਡ ਹਿੰਡਵੇਅਰ ਸਨੋਕਰੈਸਟ ਦੇ ਅੰਤਰਗਤ ਬਦਲੇ ਜਾ ਸਕਣ ਵਾਲੇ ਰੰਗੀਨ ਫਰੰਟ ਵਾਲੇ ਆਪਣੇ ਏਅਰ ਕੂਲਰਾਂ ਦੀ ਇੱਕ ਨਵੀਂ ਸ਼੍ਰੇਣੀ ਦੀ ਰੇਂਜ ਦੀ ਘੋਸ਼ਣਾ ਕੀਤੀ। ਏਅਰ ਕੂਲਰਾਂ ਦੀ ਪੇਸ਼ ਕੀਤੀ ਗਈ ਨਵੀਂ ਸ਼੍ਰੇਣੀ ਐਚ.ਐਸ.ਆਈ.ਐਲ ਦੀ ਪਰਭਾਵੀ ਅਤੇ ਵਿਸਾਲ ਉਪਭੋਗਤਾ ਉਤਪਾਦ ਡਿਵੀਜਨ ਨੂੰ ਮਜਬੂਤ ਕਰੇਗੀ। ਏਅਰ ਕੂਲਰਾਂ ਦੀ 3,650/- ਕਰੋੜ ਰੁਪਏ ਦੀ ਵਿਕਾਸਸ਼ੀਲ ਮਾਰਕਿਟ ਨੇ ਅਜੇ ਤੱਕ 10% ਦੀ ਹੀ ਹਿੱਸੇਦਾਰੀ ਕੀਤੀ ਹੈ, ਫਿਰ ਵੀ ਵਿੱਤੀ ਸਾਲ14 ਤੋਂ ਵਿੱਤੀ ਸਾਲ 17 ਤੱਕ ਇਸ ਵਿੱਚ 16% ਦਾ ਆਇਤਨ ਸੀ.ਏ.ਜੀ.ਆਰ ਹੋਇਆ ਹੈ। ਬਜਾਰ ਵਿੱਚ ਸਿਰਫ 1/3 ਹਿੱਸੇ ਦਾ ਯੋਗਦਾਨ ਦੇਣ ਵਾਲੇ ਆਯੋਜਿਤ ਬਜਾਰ ਨਾਲ ਏਅਰ ਕੂਲਰਾਂ ਦੀ ਰੇਂਜ ਐਚ.ਐਸ.ਆਈ.ਐਲ ਨੂੰ ਆਪਣੀ ਮੌਜੂਦਾ ਸਥਿਤੀ ਨੂੰ ਮਜਬੂਤ ਕਰਨ ਵਿੱਚ ਮਦਦ ਕਰੇਗੀ।

ਇਸ ਲਾਂਚ ਦੇ ਮੌਕੇ ਬੋਲਦਿਆਂ ਐਚ.ਐਸ.ਆਈ.ਐਲ ਲਿਮਿਟੇਡ ਦੇ ਵੀ.ਸੀ.ਐਮ.ਡੀ ਸ਼੍ਰੀ ਸੰਦੀਪ ਸੋਮਨੀ ਨੇ ਕਿਹਾ, "ਉੱਤਮ ਡਿਜਾਇਨ, ਨਵੀਨਤਾ ਅਤੇ ਬਿਹਤਰੀਨ ਕਵਾਲਟੀ ਐਚ.ਐਸ.ਆਈ.ਐਲ ਦੇ ਕਾਰੋਬਾਰ ਦੀ ਫਿਲੌਸਫੀ ਦੇ ਕੇਂਦਰ ਦਾ ਨਿਰਮਾਣ ਕਰਦੇ ਹਨ। ਉਪਭੋਗਤਾ ਕਾਰੋਬਾਰ ਦੀ ਅਨੇਕਤਾ ਦਾ ਵਿਕਾਸ ਕਰਨ ਅਤੇ ਸ਼੍ਰੇਣੀ ਵਿੱਚ ਪ੍ਰਮੁੱਖ ਬਣਨ ਦੇ ਉਦੇਸ਼ ਨਾਲ ਅਸੀਂ ਲਗਾਤਾਰ ਆਪਣੇ ਉਪਭੋਗਤਾਵਾਂ ਨੂੰ ਬਿਹਤਰੀਨ ਉਤਪਾਦ ਪ੍ਰਦਾਨ ਕਰ ਰਹੇ ਹਾਂ। ਉਪਭੋਗਤਾ ਉਤਪਾਦ ਡਿਵੀਜਨ ਦੇ ਅੰਤਰਗਤ ਉਤਪਾਦਾਂ ਨੇ ਸਾਨੂੰ ਆਇਤਨ ਪ੍ਰਦਾਨ ਕੀਤਾ ਹੈ ਅਤੇ ਨਵੇਂ ਉਪਭੋਗਤਾਵਾਂ ਤੱਕ ਪਹੁੰਚਣ ਲਈ ਸਾਡੀ ਮਦਦ ਕੀਤੀ ਹੈ ਅਤੇ ਅਸੀਂ ਇਹ ਦੇਖਣ ਲਈ ਉਤਸੁਕ ਹਾਂ ਕਿ ਕੀ ਸਾਡੀ ਯੋਜਨਾ ਸਹੀ ਰਾਹ ਤੇ ਹੈ ਅਤੇ ਇਸਦੇ ਨਤੀਜੇ ਕੀ ਨਿਕਲਦੇ ਹਨ।"

ਏਅਰ ਕੂਲਰਾਂ ਦੀ ਨਵੀਂ ਰੇਂਜ ਨੂੰ ਡਿਜ਼ਰਟ, ਪਰਸਨਲ ਅਤੇ ਵਿੰਡੋ ਸ਼੍ਰੇਣਿਆਂ ਦੇ ਅੰਤਰਗਤ ਲਾਂਚ ਕੀਤਾ ਗਿਆ ਹੈ ਅਤੇ ਇਹ 18 ਲੀਟਰ ਤੋਂ 100 ਲੀਟਰ ਤੱਕ ਦੇ ਚੌਂਦਾਂ ਮਾਡਲਾਂ ਵਿੱਚ ਉਪਲਬਧ ਹਨ। ਬਦਲੇ ਜਾ ਸਕਣ ਵਾਲੇ ਰੰਗੀਨ ਪੈਨਲ ਚੁਣੇ ਹੋਏ ਮਾਡਲਾਂ ਵਿੱਚ ਤਿੰਨ ਰੰਗਾਂ- ਪ੍ਰੀਮੀਅਮ ਪਰਪਲ, ਬ੍ਰਿੱਕ ਰੈੱਡ ਅਤੇ ਆਈਸ ਗਰੇ ਵਿੱਚ ਉਪਲਬਧ ਹਨ। 3800 ਐਮ3/ ਪ੍ਰਤੀ ਘੰਟਾ ਤੱਕ ਦੀ ਜ਼ਿਆਦਾ ਹਵਾ ਦੇਣ ਵਾਲੀ ਇਸ ਸੀਰੀਜ਼ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਇਹ ਬਿਜਲੀ ਦੀ ਘੱਟ ਖਪਤ ਕਰਦੀ ਹੈ ਅਤੇ ਕੂਲਿੰਗ ਦਾ ਸ਼ਾਨਦਾਰ ਆਰਾਮ ਪ੍ਰਦਾਨ ਕਰਦੀ ਹੈ। ਇਹਨਾਂ ਟ੍ਰੈਂਡੀ ਕੂਲਰਾਂ ਦੀ ਕੀਮਤ 8,990/- ਰੁਪਏ ਤੋਂ ਸ਼ੁਰੂ ਹੋ ਕੇ 17,990/- ਰੁਪਏ ਤੱਕ ਹੈ।

